# ਕਲਾ ਦੇ ਝਰੋਖੇ ਤੋਂ ਦਸਤਾਵੇਜ਼ੀ ਫਿਲਮ

ਧਾਰਮਿਕ ਜਨੂੰਨ ਬਾਰੇ ਫਿਲਮ ਪਿਤਾ, ਪੁੱਤਰ ਤੇ ਧਰਮਯੁੱਧ ਮਹਾਰਾਸ਼ਟਰਾ ਦੇ ਦਸਤਾਵੇਜ਼ੀ ਫਿਲਮ ਬਣਾਉਣ ਵਾਲੇ ਅਨੰਦ ਪਤਵਰਧਨ ਵਲੋਂ ਬਣਾਈ ਗਈ ਹੈ। ਅਨੰਦ ਪਤਵਰਧਨ ਸਾਡੇ ਪੰਜਾਬੀਆਂ ਵਿਚ ਜਾਣਿਆ ਪਹਿਚਾਣਿਆ ਨਾਂ ਹੈ, ਵਿਸ਼ੇਸ਼ ਕਰ ਕੇ ਉਹ ਪੰਜਾਬੀ ਜਿਹੜੇ ਕੈਨੇਡਾ ਵਿਚ ਜਾ ਕੇ ਵਸੇ ਹੋਏ ਹਨ। 1982 ਵਿਚ ਉਹਨੇ ਕੈਨੇਡਾ ਵਿਚ ਜਾ ਵਸੇ ਪੰਜਾਬੀਆਂ 'ਤੇ ਇਕ ਦਸਤਾਵੇਜ਼ੀ ਫਿਲਮ 'ਉਠਨ ਦਾ ਵੇਲਾ' ਇਪਾਨਾ ਦੇ ਸਹਿਯੋਗ ਨਾਲ ਬਣਾਈ। ਇਸ ਫਿਲਮ ਨੇ ਸੰਸਾਰ ਦੇ ਦਸਤਾਵੇਜ਼ੀ ਫਿਲਮ ਹਲਕਿਆਂ ਵਿਚ ਬੜੀ ਪ੍ਰਸਿੱਧਤਾ ਲਈ। ਉਸ ਫਿਲਮ ਵਿਚ ਹੋਰਨਾਂ ਤੱਥਾਂ ਦੇ ਨਾਲ ਨਾਲ ਇਕ ਬਜ਼ੁਰਗ ਪੰਜਾਬੀ ਔਰਤ ਦੀ ਇੰਟਰਵਿਊ ਸ਼ਾਮਲ ਹੈ। ਉਹ ਆਪਣੇ ਬਾਰੇ ਦੱਸਦੀ ਹੈ ਕਿ ਕੈਨੇਡਾ ਵਿਚ ਆ ਕੇ ਉਨ੍ਹਾਂ ਨੂੰ ਕਿਹੜੀਆਂ ਕਿਹੜੀਆਂ ਦੁਸ਼ਵਾਰੀਆਂ ਵਿਚੋਂ ਗੁਜ਼ਰਨਾ ਪਿਆ। ਬਜ਼ੁਰਗ ਜਿਹੜੇ ਆਪਣੇ ਪੰਜਾਬ ਦੇ ਪਿੰਡਾਂ ਵਿਚ ਬੜੇ ਸਤਿਕਾਰੇ ਹੋਏ ਵਿਅਕਤੀ ਸਨ, ਕੈਨੇਡਾ ਵਿਚ ਆ ਕੇ ਚੈਰੀ ਦੇ ਬਾਗਾਂ ਵਿਚ ਚੈਰੀ ਤੋੜਨ ਦਾ ਕੰਮ ਕਰਦੇ ਹੋਏ ਕਿਸ ਤਰ੍ਹਾਂ ਹੀਣਤਾ ਦੇ ਅਹਿਸਾਸ ਥੱਲੇ ਜੀਅ ਰਹੇ ਹਨ। ਇਕ ਹੋਰ ਫਿਲਮ 1987 ਵਿਚ ਉਹਨੇ ਪੰਜਾਬ ਆ ਕੇ ਬਣਾਈ। 1987 ਵਿਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਯਾਦ ਵਿਚ ਇਕ ਇਨਕਲਾਬੀ ਕਾਫਲਾ ਚਲਿਆ ਸੀ। ਗੁਰਦਾਸਪੁਰ ਦੇ ਰਣਜੀਤ ਬਾਗ ਤੋਂ 8 ਮਾਰਚ ਨੂੰ ਚਲਿਆ ਇਹ ਕਾਫਲਾ ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ ਤੇ ਜਲੰਧਰ ਜ਼ਿਲਿਆਂ ਵਿਚੋਂ ਲੰਘਦਾ 23 ਮਾਰਚ ਨੂੰ ਖਟਕੜ ਕਲਾਂ ਪੁੱਜਿਆ ਸੀ। ਕਾਫਲਾ ਪਿੰਡਾਂ ਵਿਚ ਪੜਾਅ ਕਰਦਾ, ਇਕ ਇਨਕਲਾਬੀ ਸਭਿਆਚਾਰਕ ਪ੍ਰੋਗਰਾਮ ਕਰਦਾ ਤੇ ਫੇਰ ਅੱਗੇ ਚਲਦਾ ਸੀ। ਅਨੰਦ ਪਤਵਰਧਨ ਵੀ ਕੁਝ ਦਿਨ ਇਸ ਕਾਫਲੇ ਨਾਲ ਚਲਿਆ ਸੀ। ਸਾਥੀ ਜੈਮਲ ਸਿੰਘ ਪੱਡਾ ਦੀ ਸ਼ਹਾਦਤ ਦੇ ਬਾਅਦ ਉਹਨੇ ਇਕ ਫਿਲਮ 'ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ' ਖਾਲਿਸਤਾਨੀ ਲਹਿਰ ਬਾਰੇ ਬਣਾਈ। ਇਹ ਫਿਲਮ ਦੇਸ ਪ੍ਰਦੇਸ ਵਿਚ ਬਹੁਤ ਚਰਚਿਤ ਹੋਈ। ਧਾਰਮਿਕ ਮੂਲਵਾਦ ਬਾਰੇ ਉਹਦੀ ਅਯੁੱਧਿਆ ਵਿਚ ਬਣਾਈ ਫਿਲਮ 'ਰਾਮ ਦੇ ਨਾਮ ਪਰ' ਵੀ ਇਕ ਮੀਲ ਪੱਥਰ ਸੀ। ਅਨੰਦ ਪਤਵਰਧਨ ਦੀ

ਦਸਤਾਵੇਜ਼ੀ ਫਿਲਮ ਸ਼ੈਲੀ ਇਹ ਹੈ ਕਿ ਉਹ ਆਪ ਕੁਝ ਨਹੀਂ ਕਹਿੰਦਾ ਪਰ ਵੱਖ ਵੱਖ ਹਾਲਤਾਂ ਵਿਚ ਪਾਤਰਾਂ ਕੋਲੋਂ ਗੱਲਾਂ ਅਖਵਾ ਕੇ ਉਨ੍ਹਾਂ ਦੀ ਕੱਟੜ ਸੋਚ ਨੂੰ ਸਿੱਧ ਕਰਦਾ ਹੈ। ਫਿਲਮ 'ਉਨ੍ਹਾਂ ਮਿੱਤਰਾਂ ਦੀ ਯਾਦ ਵਿਚ' ਉਹ ਏ. ਆਈ. ਐਸ. ਐਸ. ਐਫ. ਦੇ ਨੌਜਵਾਨਾਂ ਨਾਲ ਇਕ ਇੰਟਰਵਿਊ ਕਰਦਾ ਹੈ, ਜੋ 23 ਮਾਰਚ ਖਟਕੜ ਕਲਾਂ ਕੋਲ ਬੰਗੇ ਵਿਚ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਸਮਾਗਮ ਕਰ ਰਹੇ ਹਨ। ਇਸ ਇੰਟਰਵਿਊ ਤੋਂ ਇਹ ਸਿੱਧ ਹੁੰਦਾ ਹੈ ਕਿ ਉਨ੍ਹਾਂ ਨੌਜਵਾਨਾਂ ਦਾ ਭਗਤ ਸਿੰਘ ਦੇ ਇਨਕਲਾਬੀ ਸਿਧਾਂਤ ਨਾਲ ਕੋਈ ਸਰੋਕਾਰ ਨਹੀਂ। ਉਹ ਤਾਂ ਉਹਦੀ ਯਾਦ ਤਾਂ ਮਨਾ ਰਹੇ ਹਨ ਕਿ ਉਹ ਸਿੱਖ ਸੀ। ਉਹਨੇ ਇਕ ਹੋਰ ਫਿਲਮ ਬੰਬਈ ਸ਼ਹਿਰ ਬਾਰੇ ਬਣਾਈ ਜਿਸ ਵਿਚ ਉਨ੍ਹਾਂ ਲੋਕਾਂ 'ਤੇ ਵਿਅੰਗ ਕੀਤਾ ਜੋ ਉਚੀਆਂ ਉਚੀਆਂ ਸ਼ਾਨਦਾਰ ਬਿਲਡਿੰਗਾਂ ਵਿਚ ਬਹਿ ਕੇ ਸੜਕਾਂ 'ਤੇ ਸੌਣ ਵਾਲਿਆਂ ਬਾਰੇ ਫਿਕਰ ਕਰ ਰਹੇ ਹਨ।

ਬੰਬਈ ਵਿਚ ਹੋਏ 1995 ਦੇ ਇੰਟਰਨੈਸ਼ਨਲ ਫਿਲਮੀ ਮੇਲੇ ਵਿਚ ਉਹਦੀ ਫਿਲਮ ਪਿਤਾ, ਪੁੱਤਰ ਅਤੇ ਧਰਮਯੁੱਧ ਨੇ ਫੇਰ ਫਿਲਮੀ ਆਲੋਚਕਾਂ ਦਾ ਧਿਆਨ ਖਿੱਚਿਆ ਹੈ। ਇਸ ਫਿਲਮ ਵਿਚ ਬੜੀ ਵਿਸ਼ਲੇਸ਼ਣਾਤਮਕ ਸ਼ੈਲੀ ਵਿਚ ਇਹ ਸਿੱਧ ਕੀਤਾ ਹੈ ਕਿ ਧਾਰਮਿਕ ਮੂਲਵਾਦੀ ਆਪਣੇ ਪੈਰੋਕਾਰਾਂ ਨੂੰ ਉਨ੍ਹਾਂ ਦੇ ਮਰਦਾਊਪਣ 'ਤੇ ਚੋਟ ਕਰ ਕੇ ਉਨ੍ਹਾਂ ਨੂੰ ਜਨੂੰਨ ਦੀ ਹੱਦ ਤਕ ਭੜਕਾਉਂਦੇ ਹਨ। ਸ਼ਬਦਾਵਲੀ ਹੁੰਦੀ ਹੈ – ਅਸੀਂ ਚੂੜੀਆਂ ਤਾਂ ਨਹੀਂ ਪਾਈਆਂ ਹੋਈਆਂ – ਉਹ ਸਾਨੂੰ ਨਿਪੁੰਸਕ ਸਮਝਦੇ ਹਨ, ਸਮਾਂ ਆਉਣ 'ਤੇ ਅਸੀਂ ਦੱਸ ਦੇਵਾਂਗੇ ਕਿ ਅਸੀਂ ਕੀ ਹਾਂ? ਦਿੱਲੀ ਬੈਠੇ ਬਾਹਮਣਾਂ ਨੂੰ ਸਾਡੀ ਤਾਕਤ ਦਾ ਅੰਦਾਜ਼ਾ ਨਹੀਂ – ਅਸੀਂ ਉਨ੍ਹਾਂ ਦੀਆਂ ਔਰਤਾਂ ਨੂੰ ਨੰਗਿਆਂ ਕਰ ਕੇ ਸ਼ਹਿਰ ਵਿਚ ਜਲੂਸ ਕੱਢ ਦੇਵਾਂਗੇ ਆਦਿਕ। ਧਾਰਮਿਕ ਜਨੂੰਨ ਨਾਲ ਬੰਦਾ ਜਦੋਂ ਅੰਨ੍ਹਾਂ ਹੋ ਜਾਂਦਾ ਹੈ, ਉਹ ਸਾਰੀਆਂ ਗੈਰ-ਇਨਸਾਨੀ ਹਰਕਤਾਂ ਕਰਦਾ ਹੈ। ਅਨੰਦ ਪਤਵਰਧਨ ਇਹੋ ਜਿਹੀ ਫਿਲਮ ਬਣਾ ਕੇ ਸੂਝਵਾਨ ਲੋਕਾਂ ਵਲੋਂ ਵਧਾਈ ਦਾ ਪਾਤਰ ਹੈ। ਦੂਰਦਰਸ਼ਨ ਤੋਂ ਬਹੁਤ ਕੁਝ ਫਾਲਤੂ ਵਿਖਾਇਆ ਜਾਂਦਾ ਹੈ। ਲੋੜ ਹੈ ਕਿ ਇਹੋ ਜਿਹੀਆਂ ਫਿਲਮਾਂ ਸਹੀ ਵਕਤ 'ਤੇ ਵਿਖਾਈਆਂ ਜਾਣ। ਰਾਤ 11.30 ਵਜੇ ਚੰਗੀਆਂ ਫਿਲਮਾਂ ਵਿਖਾਉਣ ਦਾ ਮਤਲਬ ਹੁੰਦਾ ਹੈ ਕਿ ਸਾਧਾਰਨ ਲੋਕ ਕੋਈ ਚੰਗੀ ਕਲਾ ਦੀ ਕਿਰਤ ਨਾ ਵੇਖਣ।

੨੯-੧-੯੫

# ਗੈਰ-ਸਭਿਆਚਾਰਕ ਸੁੰਦਰਤਾ ਮੁਕਾਬਲਾ

ਔਰਤ ਦੀ ਸ਼ਰਮ ਅਤੇ ਹਯਾ ਸਾਡੇ ਸਭਿਆਚਾਰ ਦਾ ਇਕ ਜ਼ਰੂਰੀ ਭਾਗ ਹਨ, ਭਾਵੇਂ ਬਹੁਤ ਸਾਰੇ ਤੱਥ ਇਸ ਦਾਅਵੇ ਨੂੰ ਝੁਠਲਾਉਂਦੇ ਵੀ ਹਨ ਪਰ ਇਹ ਕਥਨ ਇਕ ਸਥਾਪਤ ਸਚਾਈ ਜ਼ਰੂਰ ਹੈ। ਇਸ ਸੰਦਰਭ ਵਿਚ ਇਹ ਕਹਿਣਾ ਅੱਤਕਥਨੀ ਨਹੀਂ ਹੋਵੇਗੀ ਕਿ ਫੈਮਿਨਾ ਸੁੰਦਰਤਾ ਮੁਕਾਬਲਾ ਜੋ ਟੈਲੀਵਿਜ਼ਨ 'ਤੇ ਢਾਈ ਘੰਟੇ ਦਿਖਾਇਆ ਗਿਆ, ਉਹ ਸਭਿਆਚਾਰ ਦੀ ਗਰਕੀ ਦਾ ਪ੍ਰਦਰਸ਼ਨ ਹੀ ਸੀ। ਤੈਰਾਕੀ ਵਾਲੇ ਵਸਤਰਾਂ ਵਿਚ ਮੁਕਾਬਲੇ ਵਿਚ ਹਿੱਸਾ ਲੈਣ ਵਾਲੀਆਂ ਸੁੰਦਰੀਆਂ ਕੋਈ ਤੈਰਾਕੀ ਦਾ ਰਿਕਾਰਡ ਕਾਇਮ ਕਰਨ ਲਈ ਨਹੀਂ ਆਈਆਂ ਸਨ, ਜਿਸ ਉਤੇ ਕੋਈ ਕੌਮ ਨਾਜ਼ ਕਰ ਸਕੇ ਸਗੋਂ ਉਹ ਇਹ ਰਿਕਾਰਡ ਕਾਇਮ ਕਰਨ ਲਈ ਆਈਆਂ ਸਨ ਕਿ ਸਰੀਰ ਦਾ ਵੱਧ ਤੋਂ ਵੱਧ ਹਿੱਸਾ ਕੈਮਰੇ ਅੱਗੇ ਨੰਗਿਆਂ ਕੀਤਾ ਜਾ ਸਕਦਾ ਹੈ। ਨਿਊਡ ਫੋਟੋਗਰਾਫੀ ਜਾਂ ਚਿੱਤਰ ਕਲਾ ਦਾ ਮੰਤਵ ਤਾਂ ਸਮਝਿਆ ਜਾ ਸਕਦਾ ਹੈ ਪਰ ਸੁੰਦਰਤਾ ਮੁਕਾਬਲੇ ਵਿਚ ਇਹ ਨੰਗੇਜ਼ ਸਿਵਾਏ ਗੈਰ-ਸਭਿਆਚਾਰਕ ਵਰਤਾਰੇ ਦੇ ਹੋਰ ਕੁਝ ਨਹੀਂ। ਪੂਰੀ ਇਸ਼ਤਿਹਾਰਬਾਜ਼ੀ ਨਾਲ ਟੀ.ਵੀ. ਦੇ ਨੈਸ਼ਨਲ ਚੈਨਲਾਂ 'ਤੇ ਇਹੋ ਜਿਹਾ ਗੈਰ-ਸਭਿਆਚਾਰਕ ਵਪਾਰੀ ਕਿਸਮ ਦਾ ਮੁਕਾਬਲਾ ਵਿਖਾਇਆ ਜਾਣਾ ਇਕ ਵੱਡੀ ਫਿਕਰ ਵਾਲੀ ਗੱਲ ਹੈ।

ਗੁਰਸ਼ਰਨ ਸਿੰਘ

# ਸ਼ਹੀਦ ਸੁਖਦੇਵ ਬਾਰੇ ਇਕ ਵਧੀਆ ਪੁਸਤਕ

ਇਕ ਐਸੀ ਪੁਸਤਕ, ਜਿਸ ਨੂੰ ਪੜ੍ਹ ਕੇ ਤਸੱਲੀ ਵੀ ਹੁੰਦੀ ਹੈ ਤੇ ਖੁਸ਼ੀ ਵੀ, ਉਹ ਕੋਮਲ ਸਿੰਘ ਵਲੋਂ ਸ਼ਹੀਦ ਸੁਖਦੇਵ ਦੀ ਜੀਵਨੀ ਬਾਰੇ ਹੈ। ਕੋਮਲ ਸਿੰਘ ਪੰਜਾਬ ਸਕੂਲ ਸਿੱਖਿਆ ਬੋਰਡ, ਮੁਹਾਲੀ ਦੇ ਬਾਲ ਰਸਾਲੇ ਪੰਖੜੀਆਂ ਦੇ ਸਹਾਇਕ ਸੰਪਾਦਕ ਹਨ। ਇਹ ਛੋਟੀ ਜਿਹੀ ਕਿਤਾਬ ਲਿਖ ਕੇ ਕੋਮਲ ਸਿੰਘ ਹੋਰਾਂ ਬਾਲ ਸਾਹਿਤ ਵਿਚ ਇਕ ਮਹੱਤਵਪੂਰਨ ਵਾਧਾ ਕੀਤਾ ਹੈ। ਕਿਤਾਬ ਭਾਵੇਂ ਇਸ ਸ਼ੈਲੀ ਵਿਚ ਲਿਖੀ ਗਈ ਹੈ ਕਿ ਬੱਚੇ ਇਸ ਨੂੰ ਬੜੀ ਦਿਲਚਸਪੀ ਨਾਲ ਪੜ੍ਹਣ ਤੇ ਪ੍ਰੇਰਨਾ ਲੈਣ ਪਰ ਵੱਡਿਆਂ ਨੂੰ ਵੀ ਪੰਜਾਬ ਦੇ ਇਸ ਮਹਾਨ ਸਪੂਤ ਬਾਰੇ ਬੜੀ ਜਾਣਕਾਰੀ ਮਿਲਦੀ ਹੈ। ਮਥਰਾ ਦਾਸ ਥਾਪਰ, ਸ਼ਿਵ ਵਰਮਾ, ਯਸ਼ਪਾਲ, ਰਾਜਕੁਮਾਰੀ ਸ੍ਰੀਵਾਸਤਵ ਅਤੇ ਪ੍ਰੋ. ਜਗਮੋਹਣ ਸਿੰਘ ਦੀਆਂ ਕਿਤਾਬਾਂ ਤੋਂ ਅਤੇ ਫੇਰ ਜੀਂਦੇ ਬਜ਼ੁਰਗਾਂ ਤੋਂ ਜਾਣਕਾਰੀ ਲੈ ਕੇ ਇਹ ਕਿਤਾਬ ਲਿਖੀ ਗਈ ਹੈ। ਇਸ ਪੁਸਤਕ ਦੇ ਅੱਠ ਕਾਂਡ ਹਨ। ਨੰਨ੍ਹਾ-ਮੁੰਨਾ ਸੁਖਦੇਵ, ਗੁਲਾਮੀ ਦਾ ਅਹਿਸਾਸ, ਸ਼ਖਸੀਅਤ, ਨੌਕਰਸ਼ਾਹੀ ਸਾਵਧਾਨ, ਬੋਲੇ ਕੰਨਾਂ 'ਚ ਧਮਾਕਾ, ਯੁੱਧ ਜਾਰੀ ਹੈ, ਜੋ ਕਰਨਾ ਹੈ ਕਰ ਲਓ, ਆਖਰੀ ਇੱਛਾ ਫਾਂਸੀ ਦੀ ਥਾਂ ਗੋਲੀ। ਭਗਤ ਸਿੰਘ ਦੀਆਂ ਨਜ਼ਰਾਂ ਵਿਚ ਸੁਖਦੇਵ ਦੀ ਕੀ ਅਹਿਮੀਅਤ ਹੈ, ਇਸ ਦਾ ਜ਼ਿਕਰ ਉਹਦੀਆਂ ਲਿਖਤਾਂ 'ਤੇ ਆਧਾਰਤ ਇਕ ਨਾਟਕ ਵਿਚ ਆਉਂਦਾ ਹੈ ਜੋ ਮੇਰੇ ਗਰੁੱਪ ਵਲੋਂ ਸੱਤਰਵਿਆਂ ਵਿਚ ਖੇਡਿਆ ਗਿਆ ਸੀ। ਬਹੁਤ ਘੱਟ ਲੋਕ ਜਾਣਦੇ ਹਨ ਕਿ ਲੁਧਿਆਣਾ ਦੇ ਵੱਡੇ ਚੌਕ ਵਿਚ ਜਿਹੜੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਬੁੱਤ ਲਗਾਏ ਗਏ ਹਨ, ਉਥੇ ਪਹਿਲਾਂ ਇਕੱਲਾ ਭਗਤ ਸਿੰਘ ਦਾ ਬੁੱਤ ਲਗਾਇਆ ਗਿਆ ਸੀ। ਨਾਟਕ ਵਿਚ ਇਕ ਪਾਤਰ ਭਗਤ ਸਿੰਘ ਹੈ, ਜੋ ਇਸ ਸੱਚ ਦਾ ਪ੍ਰਤੀਕ ਹੈ ਕਿ ਸ਼ਹੀਦ ਕਦੀ ਮਰਦੇ ਨਹੀਂ, ਇਸ ਲਈ ਫਾਂਸੀ ਦੇ 40 ਸਾਲ ਬਾਅਦ ਉਹ ਫੇਰ ਪੰਜਾਬ ਆਉਂਦਾ ਹੈ। ਲੁਧਿਆਣਾ ਵਿਚ ਉਹ ਆਪਣਾ ਇਕੱਲਾ ਬੁੱਤ ਵੇਖ ਕੇ ਕਹਿੰਦਾ ਹੈ ਕਿ ਜਿਨ੍ਹਾਂ ਨੇ ਉਹਦਾ ਬੁੱਤ ਲਾਇਆ ਹੈ ਉਹ ਜਾਂ ਤਾਂ ਇਹ ਬੁੱਤ ਹਟਾ ਦੇਣ ਜਾਂ ਫੇਰ ਰਾਜਗੁਰੂ ਅਤੇ ਸੁਖਦੇਵ ਦੇ ਬੁੱਤ ਵੀ ਨਾਲ ਲਗਾਉਣ। ਇਹ ਨਾਟਕ ਰਾਹੀਂ ਉਭਾਰੀ ਲੋਕ ਰਾਇ ਹੀ ਸੀ ਕਿ ਬਾਅਦ ਵਿਚ ਰਾਜਗੁਰੂ ਅਤੇ ਸੁਖਦੇਵ ਦੇ ਬੁੱਤ ਭਗਤ ਸਿੰਘ ਦੇ ਬੁੱਤ ਦੇ ਨਾਲ ਲਗਾਏ ਗਏ।

ਪੰਜਾਬ ਦੇ ਆਧੁਨਿਕ ਇਤਿਹਾਸ ਦੇ ਇਸ ਸੁਨਹਿਰੀ ਕਾਂਡ ਬਾਰੇ ਸਾਡੇ ਬੱਚਿਆਂ ਨੂੰ ਵੀ ਅਤੇ ਵੱਡਿਆਂ ਨੂੰ ਵੀ ਵੱਧ ਤੋਂ ਵੱਧ ਜਾਣਕਾਰੀ ਹੋਣੀ ਚਾਹੀਦੀ ਹੈ। ਕੋਮਲ ਸਿੰਘ ਹੋਰਾਂ ਨੇ ਇਸ ਕਿਤਾਬ ਵਿਚ ਇਹ ਸਿੱਧ ਕੀਤਾ ਹੈ ਕਿ ਜੰਗੇ ਆਜ਼ਾਦੀ ਦੇ ਪਹਿਲੀ ਕਤਾਰ ਦੇ ਸ਼ਹੀਦਾਂ 'ਚੋਂ ਸੁਖਦੇਵ ਦੀ ਸ਼ਹੀਦੀ ਬਾਰੇ ਵੱਧ ਤੋਂ ਵੱਧ ਚਰਚਾ ਜ਼ਰੂਰੀ ਹੈ। ਇਹੀ ਇਸ ਪੁਸਤਕ ਦੀ ਵੱਡੀ ਪ੍ਰਾਪਤੀ ਹੈ।